२१.११.९९. २१-११-१९९९

ਵਿਚਾਰ-ਚਰਚਾ ਗੁਰਸ਼ਰਨ ਸਿੰਘ

ਸਮਾਜਕ ਮਸਲਿਆਂ ਦੇ ਸਬੰਧ ਵਿਚ ਪ੍ਰੈਸ ਦੀ ਭੂਮਿਕਾ

ਹਿੰਦੋਸਤਾਨ ਦੇ ਸਮਾਜਕ ਵਰਤਾਰੇ ਵਿਚ ਜੇਕਰ ਕੋਈ ਪਾਖੰਡ ਦੀ ਮਿਸਾਲ ਲੱਭਣੀ ਹੈ ਤਾਂ ਉਹ 14 ਨਵੰਬਰ ਦਾ ਬਾਲ ਦਿਵਸ ਹੈ। ਬੱਚਿਆਂ ਨੂੰ ਸਮਰਪਤ, ਬੱਚਿਆਂ ਦੀ ਬੇਹਤਰੀ ਲਈ ਮਿੱਥਿਆ ਗਿਆ ਇਹ ਦਿਨ ਆਪਣੇ ਆਪ ਵਿਚ ਇਕ ਵੱਡਾ ਧੋਖਾ ਸਾਬਤ ਹੋ ਰਿਹਾ ਹੈ। ਪੰਡਿਤ ਜਵਾਹਰ ਲਾਲ ਨਹਿਰੂ ਦੀ ਯਾਦ ਵਿਚ ਉਹਦੇ ਜਨਮ ਦਿਨ 'ਤੇ ਮਨਾਇਆ ਇਕ ਚਾਚਾ ਨਹਿਰੂ ਦੇ ਕਰੋੜਾਂ ਭਤੀਜੇ, ਭਤੀਜੀਆਂ ਲਈ ਇਹ ਕੋਈ ਉਮੀਦ ਦਾ ਦਿਨ ਨਹੀਂ। ਇਹ ਇਕ ਚੰਗੀ ਗੱਲ ਹੈ ਕਿ ਸਾਡੇ ਪੱਤਰਕਾਰਾਂ ਨੇ ਇਹਦਾ ਗੰਭੀਰ ਨੋਟਿਸ ਲੈਣਾ ਸ਼ੁਰੂ ਕੀਤਾ ਹੈ। ਬਾਲ ਦਿਵਸ 'ਤੇ ਸਿਰਫ਼ ਹੱਸਦੇ-ਖੇਡਦੇ ਬੱਚਿਆਂ ਦੀਆਂ ਖ਼ਬਰਾਂ ਨਹੀਂ ਹਨ, ਹੋਰ ਵੀ ਖ਼ਬਰਾਂ ਹਨ, ਜੋ ਬੱਚਿਆਂ ਦੇ ਭਵਿੱਖ ਬਾਰੇ ਪਾਠਕਾਂ ਦਾ ਧਿਆਨ ਖਿੱਚਦੀਆਂ ਹਨ। ਚੰਗੇ ਸਮਾਜ ਲਈ ਕੁੰਜੀਵਤ ਮੁੱਦਾ ਹੈ ਕਿ ਬੱਚਿਆਂ ਨੂੰ ਬਰਾਬਰ ਦੀ ਪੜ੍ਹਾਈ, ਬਰਾਬਰ ਦੀਆਂ ਸਿਹਤ ਸਹੂਲਤਾਂ ਅਤੇ ਅੱਗੇ ਵਧਣ ਦੀਆਂ ਬਰਾਬਰ ਦੀਆਂ ਸਹੂਲਤਾਂ ਮੁਹੱਈਆ ਕੀਤੀਆਂ ਜਾਣ। ਪ੍ਰੈੱਸ ਇਸ ਮਸਲੇ ਨੂੰ ਸੰਬੋਧਨ ਹੈ।

ਚੰਡੀਗੜ੍ਹ ਦੇ ਇਕ ਅਖ਼ਬਾਰ ਨੇ ਆਪਣੇ 15 ਨਵੰਬਰ ਦੇ ਅੰਕ ਵਿਚ ਇਸ ਮਾਮਲੇ ਨੂੰ ਵਧੀਆ ਢੰਗ ਨਾਲ ਪੇਸ਼ ਕੀਤਾ ਹੈ। ਅਖ਼ਬਾਰ ਦੇ ਪਹਿਲੇ ਸਫ਼ੇ 'ਤੇ ਹੀ ਤਸਵੀਰ ਸਮੇਤ ਇਕ ਪਬਲਿਕ ਸਕੂਲ ਦੇ ਬੱਚਿਆਂ ਦੀ ਤਸਵੀਰ ਹੈ, ਜੋ ਬਾਲ ਦਿਵਸ ਨੂੰ ਮਨਾ ਰਹੇ ਹਨ। ਉਹਨਾਂ ਦੇ ਹੱਸਦੇ ਚਿਹਰੇ ਦੱਸਦੇ ਹਨ ਕਿ ਉਹਨਾਂ ਨੂੰ ਚਾਚਾ ਨਹਿਰੂ ਦੇ ਜਨਮ ਦਿਨ ਦੀ ਖੁਸ਼ੀ ਹੈ। ਫੁੱਲਾਂ ਵਰਗੇ ਹੱਸਦੇ ਬੱਚੇ ਚੰਗੇ-ਚੰਗੇ ਲੱਗਦੇ ਹਨ। ਚਾਚਾ ਨਹਿਰੂ ਆਪ ਵੀ ਗੁਲਾਬ ਦੀਆਂ ਕਲੀਆਂ ਦਾ ਸ਼ੁਕੀਨ ਸੀ ਤੇ ਇਸ ਦਿਨ ਉੱਤੇ ਵੀ ਉਹ ਗੁਲਾਬ ਦੀਆਂ ਕਲੀਆਂ ਬੱਚਿਆਂ ਵਿਚ ਵੰਡਦਾ ਸੀ। ਉਸੇ ਸਫ਼ੇ 'ਤੇ ਇਕ ਹੋਰ ਵੀ ਤਸਵੀਰ ਹੈ। ਇਹ ਇਕ ਸਾਈਕਲ ਰਿਕਸ਼ਾ ਮੁਰੰਮਤ ਵਾਲੀ ਦੁਕਾਨ 'ਤੇ ਕੰਮ ਕਰਦਿਆਂ ਬੱਚਿਆਂ ਦੀ ਹੈ। ਰਿਪੋਰਟ ਦਾ ਸਿਰਲੇਖ ਹੈ : **ਬਾਲ ਦਿਵਸ ਉਹਨਾਂ ਲਈ ਸਿਰਫ਼ ਇਕ ਹੋਰ ਦਿਨ ਹੈ**

5 ਸਾਲਾ ਸ਼ੀਲਾ ਲਈ ਨਾ ਹੀ ਕੇਕ ਸਨ, ਨਾ ਹੀ ਰੰਗ-ਬਰੰਗੇ ਭੁਕਾਨੇ ਸਨ ਅਤੇ ਨਾ ਹੀ ਨਵੇਂ ਕੱਪੜੇ ਸਨ। ਉਹ ਦਿਨ ਰੋਜ਼ ਵਾਂਗ ਇਕ ਔਖਾ ਅਤੇ ਮੁਸ਼ੱਕਤ ਵਾਲਾ ਦਿਨ ਸੀ ਜਦੋਂ ਉਹ 8 ਘੰਟੇ ਇਸ ਦੁਕਾਨ 'ਤੇ ਕੰਮ ਕਰੇਗਾ ਤੇ ਸ਼ਾਮ ਨੂੰ ਇਕ ਢਾਬੇ ਵਿਚ ਬਰਤਨ ਮਾਂਜੇਗਾ। ਉਹਦੇ ਕੋਲੋਂ ਜੇਕਰ ਪੁੱਛਿਆ ਜਾਏ ਕਿ ਤੈਨੂੰ ਬਾਲ ਦਿਵਸ ਦਾ ਪਤਾ ਏ? ਤਾਂ ਉਹਦੀਆਂ ਹੈਰਾਨੀ ਨਾਲ ਖੁੱਲ੍ਹੀਆਂ ਅੱਖਾਂ ਅਤੇ ਖਾਲੀ-ਖਾਲੀ ਚਿਹਰੇ ਦਾ ਪ੍ਰਭਾਵ ਦਸੇਗਾ ਕਿ ਉਹਦਾ ਬਾਲ ਦਿਵਸ ਨਾਲ ਕੋਈ ਸਰੋਕਾਰ ਨਹੀਂ ਅਤੇ ਨਾ ਹੀ ਬਾਲ ਦਿਵਸ ਉਹਦੇ ਲਈ ਕੋਈ ਉਮੀਦ ਲੈ ਕੇ ਆਇਆ ਹੈ। 'ਮੁਝੇ ਨਹੀਂ ਪਤਾ ਕਿ ਬਾਲ ਦਿਵਸ ਕਿਆ ਚੀਜ਼ ਹੈ' ਉਹਦਾ ਜਵਾਬ ਹੈ। ਚਾਚਾ ਨਹਿਰੂ? ਉਹ ਥਥਲਾਉਂਦਾ ਹੋਇਆ ਬੋਲਦਾ ਹੈ, 'ਮੇਰਾ ਕੋਈ ਚਾਚਾ ਨਹੀਂ, ਸਿਰਫ਼ ਤਾਇਆ ਹੈ।'

ਇਹੋ ਰਿਪੋਰਟ ਅੱਗੇ ਦੱਸਦੀ ਹੈ ਕਿ ਅਮੀਰ ਜਾਂ ਖਾਂਦੇ-ਪੀਂਦੇ ਘਰਾਂ ਦੇ ਬੱਚੇ ਤਾਂ ਸ਼ਾਇਦ ਇਸ ਦਿਨ ਦੀ ਉਡੀਕ ਕਰਦੇ ਹਨ ਕਿਉਂਕਿ ਉਸ ਦਿਨ ਘਰਾਂ ਵਿਚ ਉਹਨਾਂ ਵੱਲ ਖ਼ਾਸ ਧਿਆਨ ਦਿੱਤਾ ਜਾਏਗਾ ਪਰ ਚਾਰ ਸਾਲਾਂ ਦੀ ਬਾਲੜੀ ਗੀਤੂ ਲਈ ਇਸ ਦਿਨ ਦੀ ਕੋਈ ਮਹੱਤਤਾ ਨਹੀਂ ਕਿਉਂਕਿ ਉਹ ਤਾਂ ਹਾਲੇ ਮਾਂ ਦੀ ਗੋਦ ਵਿਚ ਹੀ ਸੀ ਜਦੋਂ ਉਹਨੇ ਹੱਥ ਟੱਡਕੇ ਮੰਗਣਾ ਸ਼ੁਰੂ ਕਰ ਦਿੱਤਾ ਸੀ। ਉਸ ਨੂੰ ਨਹੀਂ ਪਤਾ ਕਿ ਪਿੱਠਾਂ ਉੱਤੇ ਬਸਤੇ ਚੁੱਕੀ ਬੱਚੇ ਕਿੱਥੇ ਜਾ ਰਹੇ ਰਹੇ ਹਨ ਜਾਂ ਕੀ ਕਰਨ ਜਾ ਰਹੇ ਹਨ? ਇਸੇ ਰੀਪੋਰਟ ਵਿਚ ਅਖ਼ੀਰਲਾ ਪੈਰਾ ਇਹਨਾਂ ਬੱਚਿਆਂ ਬਾਰੇ ਇਹ ਵੀ ਦੱਸਦਾ ਹੈ ਕਿ ਸਭ ਮੁਸ਼ਕਿਲਾਂ ਦੇ ਹੁੰਦਿਆਂ ਵੀ ਇਹ ਹੱਸਦੇ ਹਨ, ਖੁੱਲ੍ਹਕੇ ਹੱਸਦੇ ਹਨ (ਬੱਚੇ ਜੋ ਹੋਏ)। ਕਿਸੇ ਕਾਰ ਦੇ ਪਹੀਏ ਦੀ ਹਵਾ ਚੈੱਕ ਕਰਦੇ ਹੋਏ, ਉਹ ਕੋਈ ਨਾ ਕੋਈ ਫ਼ਿਲਮੀ ਗੀਤ ਗੁਣ-ਗੁਣਾਉਂਦੇ ਹਨ ਤੇ ਪੁੱਛਣ 'ਤੇ ਜਵਾਬ ਦੇਂਦੇ ਹਨ 'ਸਾਹਬ, ਪੈਸਾ ਸਭ ਕੁਝ ਨਹੀਂ, ਖੁਸ਼ ਰਹਿਣੇ ਕੇ ਲੀਏ ਦਿਲ ਭੀ ਚਾਹੀਏ' ਹਾਂ ਇਹਨਾਂ ਬੱਚਿਆਂ ਦਾ ਦਿਲ ਹੈ।

ਲੋੜ ਹੈ, ਕੌਮ ਨੂੰ ਇਸ ਦਿਨ ਲਈ ਇਕ ਉਦੇਸ਼ ਦੇਈਏ। ਇਕ ਨਿਸ਼ਾਨਾ ਮਿਥੀਏ—ਹਰ ਇਕ ਬੱਚਾ ਜੋ ਇਸ ਦੇਸ਼ ਵਿਚ ਪੈਦਾ ਹੁੰਦਾ ਹੈ, ਉਸ ਨੂੰ ਸਕੂਲ ਜਾਣ ਦਾ ਕਾਨੂੰਨੀ, ਬੁਨਿਆਦੀ ਅਤੇ ਲਾਜ਼ਮੀ ਹੱਕ ਹੈ। ਇਸ ਨੂੰ ਅਮਲੀ ਰੂਪ ਵਿਚ ਲਾਗੂ ਕੀਤਾ ਜਾਏ। ਇਹ ਗੱਲ ਮਾਪਿਆਂ 'ਤੇ ਨਾ ਛੱਡੀ ਜਾਏ। ਪੋਲੀਓ ਬੂੰਦਾਂ ਦੀ ਮੁਹਿੰਮ ਵਾਕੁਨ ਗ਼ਰੀਬ ਬਸਤੀਆਂ ਵਿਚੋਂ ਬੱਚਿਆਂ ਦੀ ਸ਼ਨਾਖ਼ਤ ਕੀਤੀ ਜਾਏ।

ਪ੍ਰਬੰਧਕੀ ਕੋਲ ਆਪਣੀ ਨਾਲਾਇਕੀ ਛੁਪਾਣ ਲਈ ਬੜੇ ਬਹਾਨੇ ਹਨ। 'ਕੋਈ ਕੀ ਕਰੇ? ਆਬਾਦੀ ਹੀ ਬੜੀ ਵਧ ਰਹੀ ਹੈ। ਗ਼ਰੀਬ ਬੱਚੇ ਜੰਮਦੇ ਹੀ ਬਹੁਤ ਹਨ।' ਇਹ ਕੋਈ ਜਵਾਬ ਨਹੀਂ। ਏਨੀਆਂ-ਏਨੀਆਂ ਤਨਖਾਹਾਂ ਲੈਂਦੇ ਹੋ, ਕਾਹਦੇ ਲਈ ਲੈਂਦੇ ਹੋ?

ਇਸੇ ਲਈ ਕਿ ਦਰਪੇਸ਼ ਮਸਲਿਆਂ ਦਾ ਹੱਲ ਲੱਭੋ। ਕੁਰਸੀਆਂ 'ਤੇ ਬੈਠੇ ਹੋ, ਵਜ਼ੀਰੀਆਂ ਸਾਂਭੀਆਂ ਹੋਈਆਂ ਨੇ, ਇਸੇ ਲਈ ਕਿ ਮਸਲਿਆਂ ਨੂੰ ਹੱਲ ਕਰੋ। ਅੱਜ ਦੇ ਸਾਇੰਸ ਦੇ ਯੁੱਗ ਵਿਚ ਸਾਡੇ ਕੋਲ ਸਾਧਨ ਹਨ, ਇਰਾਦੇ ਦੀ ਲੋੜ ਹੈ। ਸਾਇੰਸ ਕਹਿੰਦੀ ਹੈ ਕਿ ਦੁਨੀਆ ਦੀ ਆਬਾਦੀ ਸੱਤ ਗੁਣਾਂ ਵੀ ਹੋ ਜਾਏ ਤਾਂ ਵੀ ਸਭ ਲਈ ਚੰਗੀ ਜ਼ਿੰਦਗੀ ਮੁਹੱਈਆ ਕੀਤੀ ਜਾ ਸਕਦੀ ਹੈ। ਬਹਾਨੇ ਬਾਜ਼ੀਆਂ ਤੋਂ ਪਰਹੇਜ਼ ਕਰੀਏ। ਪਾਖੰਡਵਾਦ ਤੋਂ ਨਿਜਾਤ ਪਾਈਏ ਤੇ ਮਸਲੇ ਨੂੰ ਸਿੱਧਾ ਹੋ ਕੇ ਸੰਬੋਧਨ ਹੋਈਏ। ਅਖ਼ਬਾਰਾਂ ਇਸਦੇ ਲਈ ਵੱਡੀ ਭੂਮਿਕਾ ਨਿਭਾ ਸਕਦੀਆਂ ਹਨ।

ਕੈਦੀਆਂ ਦਾ ਸਟੇਸ਼ਨਾਂ 'ਤੇ ਸਵਾਗਤ : ਗੁਰੂ ਕੇ ਬਾਗ ਦੇ ਕੈਦੀ ਜਿਸ ਪਾਸੇ ਵੀ ਜੇਲ੍ਹਾਂ ਵਿਚ ਭੇਜੇ ਜਾਂਦੇ ਸਨ—ਉਸੇ ਪਾਸੇ ਹੀ ਉਹਨਾਂ ਦਾ ਸਟੇਸ਼ਨਾਂ 'ਤੇ ਸਵਾਗਤ ਹੁੰਦਾ ਸੀ। ਗੱਡੀ ਦੇ ਸਟੇਸ਼ਨਾਂ ਤੋਂ ਲੰਘਣ ਤੋਂ ਪਹਿਲਾਂ ਲੋਕ ਦੋ-ਦੋ, ਤਿੰਨ-ਤਿੰਨ ਘੰਟੇ ਪਹਿਲਾਂ ਹਾਰ, ਮਠਿਆਈ, ਫਲ, ਪਰੌਂਠੇ, ਪਰਸ਼ਾਦੇ ਭਾਜੀਆਂ ਬਗੈਰਾ ਲੈ ਕੇ ਸਟੇਸ਼ਨਾਂ 'ਤੇ ਪਹੁੰਚੇ ਹੁੰਦੇ ਸਨ ਅਤੇ ਉਹਨਾਂ ਦੀ ਸੇਵਾ ਕੀਤਿਆਂ ਬਗੈਰ ਜਾਣ ਨਹੀਂ ਸਨ ਦੇਂਦੇ। ਕੈਦੀਆਂ ਦੇ ਜਾਣ ਦੀਆਂ ਖ਼ਬਰਾਂ ਲਾਈਨ ਦੇ ਸਭ ਸਟੇਸ਼ਨਾਂ 'ਤੇ ਪਹਿਲੋਂ ਹੀ ਪਹੁੰਚ ਜਾਂਦੀਆਂ ਸਨ।

ਕਈ ਸਟੇਸ਼ਨਾਂ ਦੇ ਕੈਦੀਆਂ ਦੇ ਇੰਚਾਰਜ ਅਫ਼ਸਰ ਕੈਦੀਆਂ ਨੂੰ ਖਾਣਾ ਪਹੁੰਚਾਉਣ ਦੀ ਆਗਿਆ ਦੇ ਦੇਂਦੇ ਸਨ ਅਤੇ ਸੁਨੇਹੇ-ਪਤੇ ਵੀ ਲਏ-ਦਿੱਤੇ ਜਾ ਸਕਦੇ ਸਨ, ਪਰ ਕਈ ਅਫ਼ਸਰ ਬੜੇ ਕੁਲੱਕੜ ਤੇ ਅੜਬ ਹੁੰਦੇ ਸਨ, ਉਹ ਪੁਲਿਸ ਦੇ ਆਲੇ-ਦੁਆਲੇ ਪਹਿਰੇ ਲਾ ਦੇਂਦੇ ਸਨ ਅਤੇ ਕਿਸੇ ਬਾਹਰਲੇ ਅਕਾਲੀ ਨੂੰ ਕੈਦੀਆਂ ਦੇ ਨੇੜੇ ਨਹੀਂ ਸਨ ਢੁੱਕਣ ਦੇਂਦੇ ਪਰ ਸਖ਼ਤੀਆਂ ਦੇ ਬਾਵਜੂਦ ਗੱਲਾਂ ਬਾਤਾਂ ਕਰਨੋਂ ਰੋਕਣਾ ਅਸੰਭਵ ਹੁੰਦਾ ਸੀ—ਭਾਵੇਂ ਕਈ ਥਾਈਂ ਕੈਦੀਆਂ ਨੂੰ ਖਾਣ ਦਾ ਸਾਮਾਨ ਵੀ ਨਹੀਂ ਸੀ ਲੈਣ ਦਿੱਤਾ ਜਾਂਦਾ। ਉਤਲੇ ਅਫ਼ਸਰ ਇੰਚਾਰਜ ਅਫ਼ਸਰਾਂ ਨੂੰ ਹਦਾਇਤਾਂ ਕਰ ਕੇ ਘੱਲਦੇ ਸਨ ਕਿ ਕਿਸੇ ਗ਼ੈਰ-ਆਦਮੀ ਨੂੰ ਅਕਾਲੀ ਕੈਦੀਆਂ ਦੇ ਲਾਗੇ ਨਾ ਜਾਣ ਦਿੱਤਾ ਜਾਵੇ। ਕੁੱਝ ਅਫ਼ਸਰਾਂ ਦੀ ਪੁੱਛ-ਗਿੱਛ ਵੀ ਹੋਈ ਸੀ ਕਿ ਉਹਨਾਂ ਨੇ ਸਟੇਸ਼ਨਾਂ 'ਤੇ ਕੈਦੀਆਂ ਨਾਲ ਮੁਲਾਕਾਤਾਂ ਦੀ ਆਗਿਆ ਕਿਉਂ ਦਿੱਤੀ।

ਪਰ ਗੁਰੂ ਕੇ ਬਾਗ਼ ਦੇ ਕੈਦੀ, ਬਾਹਲਾ ਕਰਕੇ, ਅਟਕ ਤੇ ਕੈਂਬਲਪੁਰ ਦੀਆਂ ਜੇਲ੍ਹਾਂ ਵਿਚ ਭੇਜੇ ਜਾਂਦੇ ਸਨ। ਇਹਨਾਂ ਜੇਲ੍ਹਾਂ ਵਿਚ ਅਫ਼ਸਰ ਉਹ ਲਾਏ ਗਏ ਸਨ, ਜਿਹੜੇ ਕਸਾਈਆਂ ਦੀਆਂ ਖਸਲਤਾਂ ਰੱਖਦੇ ਸਨ ਅਤੇ ਨਿੱਕੀ-ਨਿੱਕੀ ਗੱਲ 'ਤੇ ਜੇਲ੍ਹ ਸੁਪਰਡੈਂਟ ਦੇ ਪੇਸ਼ੀਆਂ ਕਰਾ ਕੇ ਸਖ਼ਤ ਤੋਂ ਸਖ਼ਤ ਸਜ਼ਾਵਾਂ ਦੁਆਉਂਦੇ ਸਨ। ਜਿਵੇਂ ਕਿ ਅਸੀਂ ਹੁਣੇ ਹੀ ਵੇਖਾਂਗੇ—ਇਹਨਾਂ ਜੇਲ੍ਹਾਂ ਵਿਚ ਅਕਾਲੀਆਂ ਨੂੰ ਬੜੇ ਕਠੋਰ ਇਮਤਿਹਾਨਾਂ ਵਿਚੋਂ ਦੀ ਲੰਘਣਾ ਪਿਆ ਪਰ ਉਹਨਾਂ ਨੇ ਦਿਲ ਨਾ ਹਾਰਿਆ ਅਤੇ ਸਭ ਮੁਸੀਬਤਾਂ ਬਹਾਦਰਾਂ ਵਾਂਗ ਬਰਦਾਸ਼ਤ ਕੀਤੀਆਂ।

ਪੋਠੋਹਾਰ ਦਾ ਇਲਾਕਾ ਚੰਗੀ ਜਾਗਰਤੀ ਵਿਚ ਸੀ ਅਤੇ ਜਿਹਲਮ ਰਾਵਲਪਿੰਡੀ ਦੇ ਜ਼ਿਲ੍ਹਿਆਂ ਦੇ ਅਕਾਲੀ ਸਿੱਖ ਲਹਿਰ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਸਨ। ਇਸ ਲਈ ਕੈਦੀਆਂ ਦੇ ਸਵਾਗਤ ਵਿਚ ਉਹ ਬਾਕੀ ਪੰਜਾਬ ਦੇ ਹਿੱਸਿਆਂ ਨਾਲੋਂ ਪਿੱਛੇ ਨਹੀਂ ਸਨ, ਰਤਾ-ਮਾਸਾ ਅੱਗੇ ਹੀ ਹੋਣਗੇ। ਉਹ ਬੜੇ ਉਤਸ਼ਾਹ ਨਾਲ ਸਟੇਸ਼ਨਾਂ ਉੱਤੋਂ ਦੀ ਲੰਘਦੇ ਅਕਾਲੀ ਕੈਦੀਆਂ ਦੀ ਸੇਵਾ ਕਰਦੇ ਸਨ ਪਰ ਪਤਾ ਲੱਗ ਜਾਏ ਸਹੀ ਕਿ ਫਲਾਣੇ ਵਕਤ ਗੱਡੀ ਅਕਾਲੀ ਕੈਦੀਆਂ ਨੂੰ ਲੈ ਕੇ ਲੰਘਣ ਵਾਲੀ ਹੈ।

ਪੰਜਾ ਸਾਹਿਬ ਦੇ ਸ਼ਹੀਦ : ਇਕ ਦਿਨ ਉਹਨਾਂ ਨੂੰ ਪਤਾ ਲੱਗਾ ਕਿ ਗੱਡੀ ਪੰਜਾ ਸਾਹਿਬ (ਹਸਨ ਅਬਦਾਲ) ਸਟੇਸ਼ਨ ਰਾਹੀਂ ਅਕਾਲੀ ਕੈਦੀਆਂ ਨੂੰ ਲੈ ਕੇ ਲਗਭਗ ਅੱਠ ਵਜੇ ਸਵੇਰੇ